## ਮਾਨਯੋਗ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੜਤਾਲੀਆਂ ਕਮੇਟੀ ਵੱਲੋਂ ਪੇਸ਼ ਕੀਤੀ ਸੰਖੇਪ ਨਤੀਜਾ ਰਿਪੋਰਟ

1. ਸ.ਕੰਵਲਜੀਤ ਸਿੰਘ ਸੀ.ਜੀ.ਐਲ/ਸਹਾਇਕ ਸੁਪਰਵਾਈਜ਼ਰ

ਪਾਵਨ ਸਰੂਪਾਂ ਦੇ ਸਟੋਰ ਲੈਜ਼ਰ ਠੀਕ ਢੰਗ ਨਾਲ ਮੇਨਟੇਨ ਨਹੀਂ ਕੀਤੇ। ਇਸ ਨੇ ਤਕਰੀਬਨ ਹਰ ਐਂਟਰੀ ਤੋਂ ਬਾਅਦ ਕੱਢਿਆ ਬਕਾਇਆ ਕੱਚੀ ਪੈਂਸਿਲ ਨਾਲ ਦਰਜ ਕੀਤਾ ਹੈ। ਹਰ ਸਾਲ ਦੇ ਓਪਨਿੰਗ ਤੇ ਕਲੋਜ਼ਿੰਗ ਬੈਲੈਂਸ ਉੱਪਰ ਵਾਰ-ਵਾਰ ਕਟਿੰਗ ਕੀਤੀ ਹੋਈ ਹੈ ਜੋ ਕਿ ਬਹੁਤ ਭਾਰੀ ਗਲਤੀ ਹੈ। ਮਿਤੀ 20.05.2020 ਤੋਂ ਪਹਿਲਾਂ ਸਾਰੇ 2015-16 ਤੋਂ ਲੈ ਕੇ 2019-20 ਤੱਕ ਦੇ ਸਾਰੇ ਓਪਨਿੰਗ ਤੇ ਕਲੋਜ਼ਿੰਗ ਬੈਲੇਂਸ ਨੂੰ ਬਦਲ ਦਿੱਤਾ ਗਿਆ। ਸਰਕਾਰੀ ਆਡਿਟ ਹੋਣ ਉਪਰੰਤ ਜੋ ਵੀ ਪਾਵਨ ਸਰੂਪਾਂ ਦਾ ਬਕਾਇਆ ਆਡੀਟਰ ਦੇ ਹਿਸਾਬ ਨਾਲ ਨਿਕਲਦਾ ਸੀ। ਕੰਵਲਜੀਤ ਸਿੰਘ ਉਸ ਹਿਸਾਬ ਨਾਲ ਆਪਣੇ ਲੈਜ਼ਰ ਨੂੰ ਬਦਲ ਦਿੰਦਾ ਸੀ। ਮਿਤੀ 18-08-2015 ਨੂੰ ਕੰਵਲਜੀਤ ਸਿੰਘ ਤੇ ਸ.ਜਸਪ੍ਰਿੰਦਰ ਸਿੰਘ ਨੇ ਸ.ਨਿਸ਼ਾਨ ਸਿੰਘ ਦੀ ਨਿਗਰਾਨੀ ਹੇਠ ਪਾਵਨ ਸਰੂਪਾਂ ਦੀ ਵਾਸਤਵਿਕ ਤਸਦੀਕ ਕੀਤੀ ਤੇ ਰਿਪੋਰਟ ਬਣਾਈ ਜਿਸ ਵਿਚ ਉਹਨਾਂ ਨੇ 239 ਪਾਵਨ ਸਰੂਪਾਂ ਦੇ ਵੱਧ ਪਾਏ ਜਾਣ ਦਾ ਜ਼ਿਕਰ ਕੀਤਾ ਪਰ ਪੜਤਾਲੀਆਂ ਕਮਿਸ਼ਨ ਨੂੰ ਜਦੋਂ ਲੈਜ਼ਰ ਜਮ੍ਹਾਂ ਕਰਵਾਏ ਤਾਂ ਕਮਿਸ਼ਨ ਦੇ ਹਿਸਾਬ ਨਾਲ 18-08-2015 ਨੂੰ ਪਾਵਨ ਸਰੂਪ ਸਟੋਰ ਵਿਚ ਵੱਧ ਨਹੀਂ ਬਲਕਿ 328 ਪਾਵਨ ਸਰੂਪ ਘੱਟ ਪਾਏ ਗਏ ਅਤੇ ਇਹ ਪਾਵਨ ਸਰੂਪ ਹੋਰ ਸਬੰਧਿਤ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਬਾਹਰ ਸੰਗਤਾਂ ਨੂੰ ਦਿੱਤੇ ਗਏ ਅਤੇ ਇਨ੍ਹਾਂ ਦੀ ਬਣਦੀ ਭੇਟਾ ਟ੍ਰਸੱਟ ਫੰਡਾਂ ਵਿਚ ਜਮ੍ਹਾਂ ਨਹੀਂ ਕਰਵਾਈ ਤੇ ਨਾ ਹੀ ਇਹਨਾਂ ਪਾਵਨ ਸਰੂਪਾਂ ਦਾ ਬਿੱਲ ਕੱਟਿਆ ਗਿਆ। ਇਸ ਨੇ ਵਧੀਕ ਅੰਗਾਂ ਤੋਂ 61 ਪਾਵਨ ਸਰੂਪ ਅਣ ਅਧਿਕਾਰਤ ਢੰਗ ਨਾਲ ਤਿਆਰ ਕਰਵਾ ਕੇ ਆਪਣੇ ਘੱਟਦੇ ਖਾਤੇ ਨੂੰ ਪੂਰਾ ਕਰਨ ਦਾ ਯਤਨ ਕੀਤਾ ਅਤੇ 125 ਹੋਰ ਪਾਵਨ ਸਰੂਪ 31 ਮਈ ਤੋਂ ਪਹਿਲਾਂ ਅਣ ਅਧਿਕਾਰਤ ਤਰੀਕੇ ਨਾਲ ਤਿਆਰ ਕਰ ਲਏ ਸਨ ਜੋ ਕਿ ਬਿਨਾ ਜਿਲਦਬੰਦੀ ਤੋਂ ਹਾਲ ਨੰ. 03 ਜਿਲਦਸਾਜਾਂ ਪਾਸ ਅੱਜ ਵੀ ਮੌਜੂਦ ਹਨ। ਲਾਕ-ਡਾਊਨ ਕਾਰਨ ਇਸ ਦੀ ਇਹ ਯੋਜਨਾ ਸਿਰੇ ਨਹੀਂ ਚੜ੍ਹੀ। ਸੰਭਵ ਹੈ ਕਿ ਇਨ੍ਹਾਂ ਨੇ ਵਧੀਕ ਅੰਗਾਂ ਤੋਂ ਇਹ ਅਣ-ਅਧਿਕਾਰਤ ਪਾਵਨ ਸਰੂਪ ਵੱਡੀ ਗਿਣਤੀ ਵਿਚ ਤਿਆਰ ਕਰਵਾ ਕੇ ਬਿਨਾਂ ਬਿੱਲ ਕੱਟਿਆਂ ਬਾਹਰ ਭੇਜੇ ਗਏ ਹੋਣ। ਇਸ ਸਬੰਧੀ ਕੋਈ ਸਬੂਤ ਨਾ ਹੋਣ ਕਾਰਨ ਕੰਵਲਜੀਤ ਸਿੰਘ ਅਤੇ ਜਿਲਦਸਾਜ਼ ਠੇਕੇਦਾਰ ਹੀ ਪੂਰਾ ਸੱਚ ਬਿਆਨ ਕਰ ਸਕਦੇ ਹਨ। ਮਿਤੀ 18-08-2015 ਤੱਕ ਲੈਜ਼ਰਾਂ ਵਿਚੋਂ ਘੱਟ ਗਏ ਪਾਵਨ ਸਰੂਪਾਂ ਦਾ ਜੁਆਬਦੇਹ ਕੰਵਲਜੀਤ ਸਿੰਘ ਹੀ ਹੈ, ਜੋ ਲਗਾਤਾਰ 19 ਸਾਲਾਂ ਇਕ ਹੀ ਡਿਊਟੀ ਤੇ ਸੀ ਮਿਤੀ 19-05-2016 ਨੂੰ ਗੁ:ਸ੍ਰੀ ਰਾਮਸਰ ਸਾਹਿਬ ਵਿਖੇ ਸ਼ਾਰਟ ਸਰਕਟ ਨਾਲ ਵਾਪਰੀ ਮੰਦਭਾਗੀ ਘਟਨਾ ਕਾਰਨ, ਇਸਦੇ ਬਿਆਨਾਂ ਅਨੁਸਾਰ 80 ਪਾਵਨ ਸਰੂਪ ਅਤੇ ਮੌਕੇ ਦੇ ਅਧਿਕਾਰੀਆਂ ਤੇ ਚਸ਼ਮਦੀਦ ਗਵਾਹਾਂ ਅਨੁਸਾਰ 14 ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਸਮੇਤ ਲੜੀ ਨੰਬਰਾਂ ਆਪਣੇ ਰਿਕਾਰਡ ਵਿਚੋਂ ਨਿਯਮਾਂ ਅਨੁਸਾਰ ਘਟਾਉਣ (ਰਾਈਟ ਆਫ਼) ਕਰਾਉਣ ਦਾ ਹੁਣ ਤੱਕ ਯਤਨ ਨਹੀਂ ਕੀਤਾ।

ਜਦਕਿ ਇਸ ਰਾਈਟ ਆਫ਼ ਲਈ ਪ੍ਰਵਾਨਗੀ ਲਈ ਲਿਖਿਤ ਰੂਪ ਵਿਚ ਆਗਿਆ ਲੈਣੀ ਇਸਦੀ ਜਿੰਮੇਵਾਰੀ ਬਣਦੀ ਸੀ। ਜੋ ਕਿ ਇਸ ਦੀ ਡਿਊਟੀ ਦੀ ਸਭ ਤੋਂ ਵੱਡੀ ਅਣਗਹਿਲੀ ਸੀ ਅਤੇ ਇਸ ਦੀ ਬੇਈਮਾਨੀ ਨੂੰ ਸਪੱਸ਼ਟ ਉਜਾਗਰ ਕਰਦੀ ਹੈ। 2018 ਦੀ ਫਲਾਈਂਗ ਰਿਪੋਰਟ ਅਨੁਸਾਰ ਸ.ਕੰਵਲਜੀਤ ਸਿੰਘ ਨੂੰ ਬਾਜ਼ ਸਿੰਘ ਦੇ ਨਾਲ ਦੋਸ਼ੀ ਪਾਇਆ ਗਿਆ ਸੀ ਪਰ ਇਸਤੇ ਕੋਈ ਕਾਰਵਾਈ ਨਹੀਂ ਹੋਈ ਤੇ ਫਲਾਈਂਗ ਵੱਲੋਂ ਇਸ ਨੂੰ ਕਿਸੇ ਵੀ ਅਹਿਮ ਅਹੁਦੇ ਤੇ ਨਾ ਲਗਾਉਣ ਦੀ ਸਿਫਾਰਸ਼ ਜੋ ਕਿ ਅਮਲ ਵਿਚ ਨਹੀਂ ਲਿਆਂਦੀ ਗਈ। ਮਿਤੀ 18-08-2015 ਤੋਂ 31-05-2020 ਤੱਕ ਸ਼੍ਰੋਮਣੀ ਗੁ.ਪ੍ਰੰ.ਕਮੇਟੀ ਵੱਲੋਂ ਕੀਤੀ ਚੈਕਿੰਗ ਅਨੁਸਾਰ 267 ਪਾਵਨ ਸਰੂਪ ਮੌਜੂਦਾ ਸਮੇਂ ਸਟਾਕ ਲੈਜ਼ਰ ਵਿੱਚੋਂ ਘੱਟ ਹਨ ਤੇ ਇਸ ਸਮੇਂ ਦੌਰਾਨ ਛੁੱਚਾਂ ਅਤੇ ਉਸਦੇ ਹਿਸਾਬ ਨਾਲ ਕੱਟੇ ਗਏ ਬਿੱਲਾਂ ਵਿਚ ਕਾਫੀ ਅੰਤਰ ਹੈ। ਇਸ ਤੋਂ ਇਲਾਵਾ ਲੈਜ਼ਰਾਂ ਦੇ ਨਾਲ ਵੀ ਛੇੜ-ਛਾੜ ਹੋਈ ਹੈ। 2016 ਤੋਂ ਹੁਣ ਤੱਕ ਸਟਾਕ ਲੈਜ਼ਰਾਂ ਦਾ ਆਡਿਟ ਵੀ ਨਹੀਂ ਹੋਇਆ ਅਤੇ ਨਾ ਹੀ ਇਸ ਸਮੇਂ ਦੌਰਾਨ ਪਿਛਲੇ ਕਈ ਸਾਲਾਂ ਤੋਂ ਪਬਲੀਕੇਸ਼ਨ ਵਿਭਾਗ ਦੇ ਸਟਾਕ ਦੀ ਕਿਸੇ ਅਧਿਕਾਰੀ/ਆਡੀਟਰ ਨੇ ਵਾਸਤਵਿਕ ਤਸਦੀਕ ਕਰਨ ਦੀ ਜ਼ਰੂਰਤ ਨਹੀਂ ਸਮਝੀ
।

**<u>2.ਸ.ਬਾਜ਼ ਸਿੰਘ ਕਲਰਕ</u>**

ਮਿਤੀ 23.10.2018 ਦੀ ਫਲਾਈਂਗ ਰਿਪੋਰਟ ਅਨੁਸਾਰ ਬਾਜ ਸਿੰਘ ਨੂੰ ਚਾਰ ਸਾਲਾਂ ਬਾਅਦ 9,82,700 ਰੁਪਏ ਦੀ ਰਕਮ ਦਾ ਗਬਨ ਕਰਨ ਤੇ ਭਰਪਾਈ ਕਰਵਾਈ ਗਈ ਜੋ ਕਿ ਸਾਲ 2013-14, 2014-15, 2016-17 ਨਾਲ ਸਬੰਧਿਤ ਸੀ। ਇਹ ਸਪੱਸ਼ਟ ਹੈ ਕਿ ਸ.ਬਾਜ ਸਿੰਘ ਵੱਲੋਂ ਕੱਟੀਆਂ ਰਸੀਦਾਂ ਦੀ ਰਕਮ ਨਹੀਂ ਜਮ੍ਹਾਂ ਕਰਵਾਈ ਜਾਂਦੀ ਸੀ ਉਸਦੀ ਰਕਮ ਆਪਣੀ ਜੇਬ ਵਿਚ ਪਾ ਲਈ ਜਾਂਦੀ ਸੀ। ਇਹ ਵੀ ਕੰਵਲਜੀਤ ਸਿੰਘ ਵੱਲੋਂ ਕੀਤੀ ਸਾਜ-ਬਾਜ ਵਿਚ ਸ਼ਾਮਲ ਰਿਹਾ ਹੈ। ਫਲਾਈਂਗ ਵਿਭਾਗ ਵੱਲੋਂ ਇਸ ਨੂੰ ਕਿਸੇ ਵੀ ਅਹਿਮ ਅਹੁਦੇ ਤੇ ਨਾ ਲਗਾਉਣ ਦੀ ਸਿਫਾਰਸ਼ ਕੀਤੀ ਗਈ ਸੀ ਜੋ ਕਿ ਅਮਲ ਵਿਚ ਨਹੀਂ ਲਿਆਂਦੀ ਗਈ ਅਤੇ ਇਸ ਦੇ ਬਾਵਜੂਦ ਇਸ ਦੀ ਡਿਊਟੀ ਪਾਵਨ ਸਰੂਪ, ਬਾਹਰ ਭੇਜਣ ਸਬੰਧੀ ਡਿਊਟੀ, ਉੱਚ ਅਧਿਕਾਰੀਆਂ ਵੱਲੋਂ ਵਾਰ-ਵਾਰ ਲਗਾਈ ਜਾਂਦੀ ਰਹੀ।

**<u>3. ਸ.ਗੁਰਬਚਨ ਸਿੰਘ ਮੀਤ ਸਕੱਤਰ</u>**

ਗੁਰਬਚਨ ਸਿੰਘ ਮੀਤ ਸਕੱਤਰ ਸਾਲ 2018 ਤੋਂ ਪਬਲੀਕੇਸ਼ਨ ਵਿਭਾਗ ਵਿਚ ਸੇਵਾ ਨਿਭਾਉਂਦੇ ਰਹੇ ਹਨ। ਇਨ੍ਹਾਂ ਨੇ ਸਟੋਰ ਵਿਚ ਬਿਰਾਜਮਾਨ ਪਾਵਨ ਸਰੂਪਾਂ ਦੀ ਘੱਟਦੀ ਗਿਣਤੀ ਨੂੰ ਪੂਰਾ ਕਰਨ ਲਈ ਜਿਲਦਸਾਜਾਂ ਨੂੰ ਵਧੀਕ ਅੰਗਾਂ ਤੋਂ 61 ਅਤੇ 125 ਪਾਵਨ ਸਰੂਪ (ਜਿਨਾਂ ਦੀ ਜਿਲਦਬੰਦੀ ਅਜੇ ਬਾਕੀ ਸੀ) ਤਿਆਰ ਕਰਨ ਦੇ ਜ਼ੁਬਾਨੀ ਆਦੇਸ਼ ਦਿੱਤੇ ਉੱਚ ਅਧਿਕਾਰੀਆਂ ਦੀ ਪ੍ਰਵਾਨਗੀ ਤੋਂ ਬਿਨਾਂ ਦਿੱਤੇ ਅਤੇ 61 ਪਾਵਨ ਸਰੂਪਾਂ ਦੀ ਗਿਣਤੀ ਦਾ ਮਾਮਲਾ ਸਾਹਮਣੇ ਆਉਣ ਤੇ ਕੰਵਲਜੀਤ ਸਿੰਘ ਨੂੰ ਅਣ-ਅਧਿਕਾਰਤ ਢੰਗ ਨਾਲ ਇਨ੍ਹਾਂ ਦੀ ਸਟੋਰ ਰਸੀਦ ਕੱਟਣ ਲਈ ਕਿਹਾ। ਪੜਤਾਲ ਕਮੇਟੀ ਨੂੰ ਜਾਂਚ ਦੌਰਾਨ ਪਤਾ ਲੱਗਿਆ ਕਿ ਗੁਰਬਚਨ ਸਿੰਘ ਮੀਤ ਸਕੱਤਰ ਨੇ ਜਿਲਦਸਾਜਾਂ ਪਾਸੋਂ ਬਿਨਾ ਤਰੀਕ ਤੋਂ ਪੱਤਰ ਲਿਖਵਾਇਆ ਜਿਸ ਵਿਚ ਵਧੇਰੇ ਅੰਗਾਂ ਤੋਂ ਪਾਵਨ ਸਰੂਪਾਂ ਨੂੰ ਬਣਾਉਣ ਦੀ ਆਗਿਆ ਮੰਗੀ ਗਈ ਸੀ, ਜਿਸ ਵਿਚ ਮੀਤ ਸਕੱਤਰ ਗੁਰਬਚਨ ਸਿੰਘ ਨੇ ਨਵੰਬਰ 2019 ਦੀ

ਫਰਜ਼ੀ ਤਰੀਕ ਪਾ ਕੇ 2020 ਵਿਚ ਦਸਤਖ਼ਤ ਕਰਵਾਏ ਜਿਸਦੀ ਤਸਦੀਕ ਕੁਲਵੰਤ ਸਿੰਘ ਤੇ ਜਸਪ੍ਰੀਤ ਸਿੰਘ ਜਿਲਦਸਾਜਾਂ ਨੇ ਆਪਣੇ ਬਿਆਨਾ ਵਿਚ ਕੀਤਾ ਹੈ। ਗੁਰਬਚਨ ਸਿੰਘ ਮੀਤ ਸਕੱਤਰ ਦੀਆਂ ਬਹੁਤ ਸਾਰੀਆਂ ਟੈਲੀਫੋਨ ਰਿਕਾਰਡਿੰਗਾਂ ਗੁਰਮੁੱਖ ਸਿੰਘ ਅਤੇ ਠੇਕੇਦਾਰ ਕੁਲਵੰਤ ਸਿੰਘ ਨਾਲ ਹੋਈ ਗੱਲਬਾਤ ਬਾਰੇ ਹਨ, ਜੋ ਕਿ ਪੜਤਾਲ ਕਮੇਟੀ ਨੇ ਰਿਪੋਰਟ ਨਾਲ ਨੱਥੀ ਕੀਤੀਆਂ ਹਨ,ਜਿਸ ਤੋਂ ਸਾਫ਼ ਹੁੰਦਾ ਕਿ ਕੰਵਲਜੀਤ ਸਿੰਘ ਨਾਲ ਮਿਲਕੇ ਘਟਦੇ ਹੋਏ ਪਾਵਨ ਸਰੂਪਾਂ ਨੂੰ ਪੂਰਾ ਕਰਨ ਵਾਸਤੇ ਹੋਈਆਂ ਬੇਨਿਯਮੀਆਂ ਵਿਚ ਇਸਦਾ ਪੂਰਾ ਯੋਗਦਾਨ ਹੈ। ਗੁਰਬਚਨ ਸਿੰਘ ਮੀਤ ਸਕੱਤਰ ਨੇ ਐਸ.ਜੀ.ਪੀ.ਸੀ ਦੇ ਨਿਯਮਾਂ ਅਨੁਸਾਰ ਕਦੀ ਵੀ ਪਾਵਨ ਸਰੂਪਾਂ ਦੀ ਵਾਸਤਵਿਕ ਤਸਦੀਕ ਨਹੀਂ ਕੀਤੀ, ਜਿਸ ਕਾਰਨ ਹੇਠਲੇ ਕਰਮਚਾਰੀ ਉਕਤ ਬੇਨਿਯਮੀਆਂ ਕਰਦੇ ਰਹੇ।

**4.ਦਲਬੀਰ ਸਿੰਘ ਹੈਲਪਰ**

ਦਲਬੀਰ ਸਿੰਘ ਸਹਾਇਕ ਗ੍ਰੰਥੀ ਭਰਤੀ ਹੋਇਆ ਅਤੇ 2012 ਤੋਂ ਸ਼ੋਅ ਰੂਮ ਵਿਖੇ ਹੈਲਪਰ ਵਜੋਂ ਡਿਊਟੀ ਕਰ ਰਿਹਾ ਹੈ। ਇਸ ਤੇ ਆਪਣੇ ਵਿਭਾਗ ਵਿਚ ਪਾਵਨ ਸਰੂਪਾਂ ਦੇ ਕੱਟੇ ਜਾਂਦੇ ਡੁੱਚਾਂ ਦੀਆਂ ਐਂਟਰੀ ਬਦਲਣ ਦੇ ਦੋਸ਼ ਹਨ। ਇਸ ਨੇ ਕਈ ਵਾਰ ਡੁੱਚ ਕੱਟਣ ਤੋਂ ਬਾਅਦ ਕਾਰਬਨ ਕਾਪੀ ਉੱਤੇ ਪੈਨ ਨਾਲ ਬਾਅਦ ਵਿਚ ਐਂਟਰੀਆਂ ਤਬਦੀਲ ਕੀਤੀਆਂ ਹਨ ਜੋ ਕਿ ਰਿਕਾਰਡ ਵਿਚ ਹੇਰਾਫੇਰੀ ਕਰਨ ਦਾ ਬਹੁਤ ਵੱਡਾ ਦੋਸ਼ ਹੈ। ਦਲਬੀਰ ਸਿੰਘ ਵੱਲੋਂ ਡੁੱਚਾਂ ਦੇ ਰਿਕਾਰਡ ਵਿਚ ਫੇਰ-ਬਦਲ ਕਰਨ ਕਰਕੇ ਪਬਲੀਕੇਸ਼ਨ ਵਿਭਾਗ ਦੁਆਰਾ ਬਾਹਰ ਭੇਜੇ ਜਾਂਦੇ ਪਾਵਨ ਸਰੂਪਾਂ ਦੀ ਗਿਣਤੀ ਲੈਜ਼ਰ ਵਿਚ ਸਹੀ ਢੰਗ ਨਾਲ ਦਰਜ ਨਹੀਂ ਕੀਤੀ ਜਾਂਦੀ ਸੀ। ਉਦਾਹਰਣ ਦੇ ਤੌਰ ਤੇ ਡੁੱਚ ਨੰ: 24 ਵਿਚ (2301 ਤੋਂ 2400 ਤੱਕ) ਵਿਚ 52 ਦਰਮਿਆਨਾਂ ਆਕਾਰ ਦੇ ਸਰੂਪ ਭੇਟਾ ਸਹਿਤ ਵੰਡੇ ਗਏ ਅਤੇ ਲੈਜ਼ਰ ਵਿਚ ਕੰਵਲਜੀਤ ਸਿੰਘ ਸੀ.ਜੀ.ਐਲ ਦੁਆਰਾ ਇਨ੍ਹਾਂ ਦੀ ਗਿਣਤੀ 90 ਦਰਜ ਕੀਤੀ ਗਈ।

**5. ਜਿਲਦਸਾਜ਼ ਕੁਲਵੰਤ ਸਿੰਘ ਤੇ ਜਸਪ੍ਰੀਤ ਸਿੰਘ**

ਪੜਤਾਲੀਆਂ ਕਮਿਸ਼ਨ ਵੱਲੋ ਕੀਤੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਜਿਲਦਸਾਜਾਂ ਨੂੰ ਪ੍ਰੈਸ ਤੋਂ ਜੋ ਪਾਵਨ ਸਰੂਪਾਂ ਦੇ ਅੰਗ ਛਪ ਕੇ ਆਉਂਦੇ ਹਨ, ਉਹ ਇਹਨਾਂ ਦੀ ਲੋੜ ਤੋਂ ਵੱਧ ਹੁੰਦੇ ਹਨ। ਕਈ ਸਾਲਾਂ ਤੋਂ ਵਧੀਕ ਅੰਗ ਜਿਲਦਸਾਜਾਂ ਦੇ ਹਾਲ ਨੰ: 3 ਤੇ 4 ਵਿਚ ਪਏ ਹਨ ਜਿਨ੍ਹਾਂ ਦਾ ਨਾ ਤਾਂ ਕੋਈ ਰਿਕਾਰਡ ਰੱਖਿਆ ਗਿਆ ਅਤੇ ਨਾ ਹੀ ਉਨਾਂ ਪਾਵਨ ਅੰਗਾਂ ਨੂੰ ਅਦਬ ਸਤਿਕਾਰ ਨਾਲ ਰੱਖਿਆ ਹੈ। ਸ.ਗੁਰਬਚਨ ਸਿੰਘ ਮੀਤ ਸਕੱਤਰ ਦੇ ਜ਼ੁਬਾਨੀ ਆਦੇਸ਼ ਅਨੁਸਾਰ ਇਨ੍ਹਾਂ ਵਧੀਕ ਅੰਗਾਂ ਤੋਂ 61 ਵੱਡੇ ਅਕਾਰ ਦੇ ਪਾਵਨ ਸਰੂਪ ਅਣ ਅਧਿਕਾਰਤ ਢੰਗ ਨਾਲ ਬਿਨਾਂ ਕਿਸੇ ਲਿਖਤੀ ਆਗਿਆ ਤੋਂ ਤਿਆਰ ਕਰਵਾ ਕੇ ਕੰਵਲਜੀਤ ਸਿੰਘ ਸੀ.ਜੀ.ਐਲ ਨੂੰ ਦੇ ਦਿੱਤੇ, ਜੋ ਕਿ ਰਿਕਾਰਡ ਵਿਚ ਕਿਤੇ ਵੀ ਦਰਜ ਨਹੀਂ ਕਰਵਾਏ। ਜਿਲਦਸਾਜਾਂ ਕੋਲ ਜਿਲਦਬੰਦੀ ਲਈ ਕਿੰਨੇ ਪਾਵਨ ਸਰੂਪਾਂ ਦੇ ਅੰਗ ਆਉਂਦੇ ਹਨ, ਅਤੇ ਕਿੰਨੇ ਵਰਤੇ ਜਾਂਦੇ ਹਨ, ਦਾ ਕੋਈ ਰਿਕਾਰਡ ਇਨ੍ਹਾਂ ਵੱਲੋਂ ਨਹੀਂ ਰੱਖਿਆ ਜਾਂਦਾ। ਇਸ

ਲਈ ਇਹ ਦੋਨੋ ਜਿਲਦਸਾਜ਼ ਪਾਵਨ ਸਰੂਪਾਂ ਦੀ ਬੇ-ਅਦਬੀ ਅਤੇ ਪਾਵਨ ਸਰੂਪਾਂ ਦੀ ਵਾਧ-ਘਾਟ ਅਤੇ ਰਿਕਾਰਡ ਵਿਚ ਹੋਈਆਂ ਬੇਨਿਯਮੀਆਂ ਵਿਚ ਬਰਾਬਰ ਦੇ ਦੋਸ਼ੀ ਹਨ।

**6. ਸਤਿੰਦਰ ਸਿੰਘ ਮੀਤ ਸਕੱਤਰ ਫਾਂਇਨਾਸ**

ਮਿਤੀ 19-05-2016 ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ਼ਾਰਟ ਸਰਕਟ ਦੁਆਰਾ ਕੁਝ ਪਾਵਨ ਸਰੂਪ ਨੁਕਸਾਨੇ ਗਏ ਪਰ ਇਨ੍ਹਾਂ ਸਰੂਪਾਂ ਦਾ ਕੋਈ ਵੀ ਲਿਖਤੀ ਰਿਕਾਰਡ ਨਾ ਪਬਲੀਕੇਸ਼ਨ ਵਿਭਾਗ ਵਿਚ ਪਾਇਆ ਗਿਆ ਤੇ ਨਾ ਹੀ ਗੋਇੰਦਵਾਲ ਸਾਹਿਬ ਵਿਖੇ ਇਨ੍ਹਾਂ ਪਾਵਨ ਸਰੂਪਾਂ ਦੀ ਕੋਈ ਐਂਟਰੀ ਮਿਲੀ। ਸਤਿੰਦਰ ਸਿੰਘ ਉਸ ਸਮੇਂ ਪਬਲੀਕੇਸ਼ਨ ਵਿਭਾਗ ਦੇ ਮੀਤ ਸਕੱਤਰ ਸਨ ਤੇ ਉਨ੍ਹਾਂ ਦੀ ਜਿੰਮੇਵਾਰੀ ਬਣਦੀ ਸੀ ਕਿ ਉਹ ਹੇਠਲੇ ਅਧਿਕਾਰੀਆਂ ਪਾਸੋਂ ਜਿੰਨੇ ਵੀ ਪਾਵਨ ਸਰੂਪ ਅਗਨ ਭੇਟ ਹੋਏ ਜਾਂ ਪਾਣੀ ਨਾਲ ਨੁਕਸਾਨੇ ਗਏ ਉਨਾਂ ਦਾ ਰਿਕਾਰਡ ਚੈੱਕ ਕਰਕੇ ਸਮੇਤ ਲੜੀ ਨੰਬਰ ਰਾਈਟ ਆਫ਼ ਕਰਾਉਣ ਸਬੰਧੀ ਯੋਗ ਕਾਰਵਾਈ ਕਰਦਾ ਜੋ ਕਿ ਉਨਾਂ ਵੱਲੋਂ ਨਹੀਂ ਕੀਤਾ ਗਿਆ ਅਤੇ ਇਹ ਪਾਵਨ ਸਰੂਪਾਂ ਨੂੰ ਰਿਕਾਰਡ ਵਿਚੋਂ ਅੰਤਰਿੰਗ ਕਮੇਟੀ ਪਾਸੋਂ ਰਾਈਟ ਆਫ਼ ਕਰਵਾਉਣ ਦੀ ਪ੍ਰਵਾਨਗੀ ਪ੍ਰਾਪਤ ਕਰਦੇ। ਇਹ ਵੀ ਸੰਸਥਾਂ ਦੇ ਫਰਜਾਂ ਪ੍ਰਤੀ ਭਾਰੀ ਅਣਗਹਿਲੀ ਹੈ।

**7. ਸ.ਨਿਸ਼ਾਨ ਸਿੰਘ ਮੀਤ ਸਕੱਤਰ**

ਮਿਤੀ 18-08-2015 ਨੂੰ ਨਿਸ਼ਾਨ ਸਿੰਘ ਆਪਣੀ ਨਿਗਰਾਨੀ ਹੇਠ ਪਾਵਨ ਸਰੂਪਾਂ ਦੀ ਵਾਸਤਵਿਕ ਤਸਦੀਕ ਕਰਵਾਈ ਅਤੇ ਇਹ ਰਿਪੋਰਟ ਪੇਸ਼ ਕੀਤੀ ਕਿ 239 ਪਾਵਨ ਸਰੂਪ ਸਟੋਰ ਵਿਚ ਵੱਧ ਪਾਏ ਗਏ ਹਨ ਜਦਕਿ ਇੰਨਕੁਆਰੀ ਕਮਿਸ਼ਨ ਵੱਲੋਂ ਕੀਤੀ ਚੈਕਿੰਗ ਤੇ ਪਤਾ ਲੱਗਿਆ ਕਿ 18-08-2015 ਨੂੰ ਪਾਵਨ ਸਰੂਪ ਵੱਧ ਨਹੀਂ ਬਲਕਿ 328 ਪਾਵਨ ਸਰੂਪ ਘੱਟ ਬਿਰਾਜਮਾਨ ਸਨ। ਨਿਸ਼ਾਨ ਸਿੰਘ ਨੇ ਆਪਣੀ ਰਿਪੋਰਟ ਵਿਚ ਇਹ ਵੀ ਲਿਖਿਆ ਹੈ ਕਿ ਉਨਾਂ ਨੇ 2013-14 ਅਤੇ 2014-15 ਦੀ ਲੈਜ਼ਰ ਨੂੰ ਚੈੱਕ ਕੀਤਾ ਹੈ। ਪਰ ਇੰਨਕੁਆਰੀ ਕਮਿਸ਼ਨ ਦਾ ਕਹਿਣਾ ਹੈ ਉਨ੍ਹਾਂ ਇਹ ਚੈਕਿੰਗ ਗੰਭੀਰਤਾ ਅਤੇ ਜਿੰਮੇਵਾਰੀ ਨਾਲ ਨਹੀਂ ਕੀਤੀ ਜੇਕਰ ਇਹ ਚੈਕਿੰਗ ਸਹੀ ਢੰਗ ਨਾਲ ਕੀਤੀ ਜਾਂਦੀ ਤਾਂ ਸਾਲ 2015-16 ਵਿਚ ਪਾਵਨ ਸਰੂਪ ਘੱਟ ਹੋਣ ਦਾ ਮਾਮਲਾ ਸਾਹਮਣੇ ਆ ਜਾਂਦਾ। ਐਸ.ਜੀ.ਪੀ.ਸੀ ਦੀ ਪ੍ਰਬੰਧ ਸਕੀਮ ਦੇ ਨਿਯਮਾਂ ਅਨੁਸਾਰ, ਇਹਨਾਂ ਨੇ ਆਪਣੀ ਡਿਊਟੀ ਠੀਕ ਢੰਗ ਨਾਲ ਨਹੀਂ ਨਿਭਾਈ ਅਤੇ ਪਾਵਨ ਸਰੂਪਾਂ ਦੇ ਰੱਖ-ਰਖਾਵ ਪ੍ਰਤੀ ਵੱਡੀ ਅਣਗਹਿਲੀ ਵਰਤੀ ਹੈ।

**8. ਸ.ਮਨਜੀਤ ਸਿੰਘ, ਸਕੱਤਰ ਧਰਮ ਪ੍ਰਚਾਰ**

ਮਿਤੀ 18-02-2015 ਦੇ ਨਿਸ਼ਾਨ ਸਿੰਘ ਦੇ ਆਫਿਸ ਨੋਟ ਤੇ ਸ.ਮਨਜੀਤ ਸਿੰਘ ਸਕੱਤਰ ਨੇ ਆਦੇਸ਼ ਦਿੱਤਾ। ਸ.ਮਨਜੀਤ ਸਿੰਘ ਸਕੱਤਰ, ਦੀ ਨਿਗਰਾਨੀ ਵਿਚ ਹੋਈ ਪਾਵਨ ਸਰੂਪਾਂ ਦੀ ਪੜਤਾਲ ਰਿਪੋਰਟ ਵਿਚ ਪਾਵਨ ਸਰੂਪਾਂ ਨੂੰ "ਸਸਪੈਂਸ ਖਾਤੇ" ਪਾ ਕੇ ਵੱਡੀ ਅਣਗਹਿਲੀ ਵਰਤੀ ਹੈ। ਐਸ.ਜੀ.ਪੀ.ਸੀ ਦੀ ਪ੍ਰਬੰਧ ਸਕੀਮ ਅਨੁਸਾਰ

ਸਕੱਤਰ ਸਾਹਿਬ ਨੂੰ ਸਟਾਕ ਲੈਜ਼ਰਾਂ ਦੀ ਪੜਤਾਲ ਕਰਨੀ/ਕਰਾਉਣੀ ਬਣਦੀ ਸੀ ਜੋ ਕਿ ਨਹੀਂ ਕੀਤੀ ਗਈ। ਫਰਵਰੀ 2020 ਵਿਚ 61 ਪਾਵਨ ਸਰੂਪ ਜੋ ਅਣ-ਅਧਿਕਾਰਤ ਢੰਗ ਨਾਲ ਵਧੀਕ ਅੰਗਾਂ ਤੋਂ ਤਿਆਰ ਕੀਤੇ ਗਏ ਹਨ ਅਤੇ ਉਸ ਸਮੇਂ ਪਬਲੀਕੇਸ਼ਨ ਵਿਭਾਗ ਦੇ ਸਕੱਤਰ (ਮਿਤੀ ਮਾਰਚ 2019 ਤੋਂ ਫਰਵਰੀ 2020 ਤੱਕ) ਸ. ਮਨਜੀਤ ਸਿੰਘ ਦੀ ਜ਼ਿੰਮੇਵਾਰੀ ਬਣਦੀ ਸੀ। ਅਣ-ਅਧਿਕਾਰਤ ਤੌਰ ਤੇ ਹੇਠਲਾ ਸਟਾਫ਼ ਪਾਵਨ ਸਰੂਪ ਵਧੀਕ ਅੰਗਾਂ ਤੋਂ ਤਿਆਰ ਕਰਦੇ ਰਹੇ ਅਤੇ ਇਹਨਾਂ ਨੇ ਪਬਲੀਕੇਸ਼ਨ ਵਿਭਾਗ ਵਿਚ ਇਸ ਸਬੰਧੀ ਨਜ਼ਰਸਾਨੀ ਕਰਨੀ ਜ਼ਰੂਰੀ ਨਹੀਂ ਸਮਝੀ ਜੋ ਕਿ ਸੰਸਥਾਂ ਦੇ ਫ਼ਰਜਾਂ ਪ੍ਰਤੀ ਵੱਡੀ ਅਣ-ਗਹਿਲੀ ਹੈ। ਇਸ ਲਈ ਸ.ਮਨਜੀਤ ਸਿੰਘ ਨੇ ਉੱਚ ਅਹੁਦੇ ਤੇ ਰਹਿੰਦਿਆਂ ਆਪਣੀ ਜ਼ਿੰਮੇਵਾਰੀ ਗੰਭੀਰਤਾ ਨਾਲ ਨਾ ਹੀ 2015 ਵਿਚ ਨਿਭਾਈ ਤੇ ਨਾ ਹੀ 2020 ਵਿਚ ਨਿਭਾਈ।

9. ਡਾ.ਰੂਪ ਸਿੰਘ, ਮੁੱਖ ਸਕੱਤਰ

ਡਾ.ਰੂਪ ਸਿੰਘ ਸਾਲ 2016 ਵਿਚ ਪਬਲੀਕੇਸ਼ਨ ਵਿਭਾਗ ਦੇ ਸਕੱਤਰ ਰਹੇ। ਪਰ ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਕਦੇ ਵੀ ਪਾਵਨ ਸਰੂਪਾਂ ਦੀ ਵਾਸਤਵਿਕ ਤਸਦੀਕ ਨਹੀਂ ਕਰਵਾਈ। ਸਾਲ 2015 ਵਿਚ ਸ.ਮਨਜੀਤ ਸਿੰਘ ਸਕੱਤਰ ਵੱਲੋਂ ਇਕ ਆਫਿਸ ਨੋਟ ਦਿੱਤਾ ਗਿਆ ਸੀ, ਜਿਸ ਵਿਚ ਉਨ੍ਹਾਂ ਨੇ ਪੰਜਾਬ ਸਿੰਘ ਅਕਾਊਂਟੈਂਟ ਦੀ ਵਾਸਤਵਿਕ ਤਸਦੀਕ ਨੂੰ ਲੈਜ਼ਰ ਨਾਲ ਮਿਲਾਉਣ ਦੀ ਡਿਊਟੀ ਲਗਾਈ ਸੀ ਪਰ ਸ.ਮਨਜੀਤ ਸਿੰਘ ਸਕੱਤਰ ਦੀ ਪਬਲੀਕੇਸ਼ਨ ਵਿਭਾਗ ਤੋਂ ਬਦਲੀ ਹੋਣ ਕਾਰਨ ਅਗਲੇ ਸਕੱਤਰ ਡਾ.ਰੂਪ ਸਿੰਘ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਇਸ ਸਬੰਧੀ ਰਹਿੰਦੀ ਕਾਰਵਾਈ ਮੁਕੰਮਲ ਕਰਵਾਉਂਦੇ। ਐਸ.ਜੀ.ਪੀ.ਸੀ ਦੀ ਪ੍ਰਬੰਧ ਸਕੀਮ ਅਨੁਸਾਰ ਇਹ ਕਾਰਵਾਈ ਉਨ੍ਹਾਂ ਵੱਲੋਂ ਕਰਵਾਉਣੀ ਬਣਦੀ ਸੀ। ਮੌਜੂਦਾ ਸਮੇਂ ਦੇ ਮੁੱਖ ਸਕੱਤਰ ਹੁੰਦਿਆਂ ਉਨਾਂ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਸੀ ਕਿ ਪੜਤਾਲ ਕਮਿਸ਼ਨ ਨੂੰ 19-05-2016 ਨੂੰ ਅਗਨ ਭੇਟ ਹੋਏ ਅਤੇ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਅਤੇ ਲੜੀ ਨੰਬਰ ਮੁਹੱਈਆਂ ਕਰਵਾਉਂਦੇ ਪਰ ਇਸ ਸਬੰਧੀ ਲਿਖਤ ਮੰਗ ਕਰਨ ਤੇ ਵੀ ਇਨ੍ਹਾਂ ਨੇ ਪੜਤਾਲ ਕਮੇਟੀ ਨੂੰ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ। ਬਾਕੀ ਵਿਭਾਗਾਂ ਦੇ ਨਾਲ-ਨਾਲ ਪਬਲੀਕੇਸ਼ਨ ਵਿਭਾਗ ਦੇ ਸਾਲਾਨਾ ਆਡਿਟ ਸਬੰਧੀ ਜਾਣਕਾਰੀ ਲੈਣੀ ਅਤੇ ਨਿਯਮਾਂ ਅਨੁਸਾਰ ਆਡਿਟ ਕਰਵਾਉਣਾ ਇਹਨਾਂ ਦੀ ਜ਼ੁੰਮੇਵਾਰੀ ਬਣਦੀ ਸੀ। ਇਤਨੇ ਉੱਚ ਅਹੁਦੇ ਤੇ ਹੁੰਦਿਆਂ ਪ੍ਰਬੰਧਕੀ ਨੁਕਤਾ ਨਿਗਾਹ ਤੋਂ ਇਹ ਗੈਰ-ਜ਼ਿੰਮੇਵਾਰਨਾ ਵਰਤਾਰਾ ਹੈ।

10. ਸ. ਗੁਰਮੁੱਖ ਸਿੰਘ ਸੁਪਰਵਾਈਜ਼ਰ ਪਬਲੀਕੇਸ਼ਨ ਵਿਭਾਗ

ਗੁਰਮੁਖ ਸਿੰਘ ਨੇ ਪਬਲੀਕੇਸ਼ਨ ਵਿਭਾਗ ਵਿਚ ਬੇਨਿਯਮੀਆਂ ਨੂੰ ਰੋਕਣ ਦੀ ਕੋਸ਼ਿਸ਼ ਪੂਰੀ ਤਰ੍ਹਾਂ ਨਹੀਂ ਕੀਤੀ ਜੋ ਕਿ ਇਸ ਦਾ ਫ਼ਰਜ ਅਤੇ ਅਧਿਕਾਰ ਬਣਦਾ ਸੀ। ਇਕ ਦੋ ਵਾਰ ਇਸ ਨੇ ਲਿਖਤੀ ਤੌਰ ਤੇ ਇਹ ਮਾਮਲਾ ਉੱਚ

ਅਧਿਕਾਰੀਆਂ ਦੇ ਧਿਆਨ ਵਿਚ ਲਿਆਦਾਂ ਪਰ ਇਸ ਦੀ ਗੱਲ ਤੇ ਕੋਈ ਅਮਲ ਨਹੀਂ ਹੋਇਆ ਪਰ ਇਸ ਦਾ ਫਰਜ਼ ਸੀ ਕਿ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਾਂ ਮੈਂਬਰਾਨ ਦੇ ਧਿਆਨ ਵਿਚ ਲਿਆਉਂਦਾ। ਇਸ ਨੇ ਵੀ ਕਦੇ ਪਾਵਨ ਸਰੂਪਾਂ ਦੇ ਵਾਸਤਵਿਕ ਸਟਾਕ ਨੂੰ ਤਸਦੀਕ ਨਹੀਂ ਕੀਤਾ ਜਦਕਿ ਸਟੋਰ ਰਸੀਦਾਂ ਤੇ ਇਨ੍ਹਾਂ ਦੇ ਦਸਤਖ਼ਤ ਹੁੰਦੇ ਸਨ।

## 11. ਸ.ਹਰਚਰਨ ਸਿੰਘ ਮੁੱਖ ਸਕੱਤਰ

ਸ.ਹਰਚਰਨ ਸਿੰਘ ਮਿਤੀ 30–11–2015 ਆਰਡਰ ਨੰ: 202 ਅਨੁਸਾਰ ਐਸ.ਜੀ.ਪੀ.ਸੀ ਦੇ ਮੁੱਖ ਸਕੱਤਰ ਹੁੰਦਿਆਂ ਪਬਲੀਕੇਸ਼ਨ ਵਿਭਾਗ ਵੀ ਇੰਨ੍ਹਾਂ ਦੇ ਅਧੀਨ ਸੀ। ਆਪਣੇ ਕਾਰਜਕਾਰ ਦੌਰਾਨ ਕਦੇ ਵੀ ਪਬਲੀਕੇਸ਼ਨ ਵਿਭਾਗ ਵਿਚ ਪਾਵਨ ਸਰੂਪਾਂ ਦੀ ਵਾਸਤਵਿਕ ਤਸਦੀਕ ਨਹੀਂ ਕਰਵਾਈ। ਜਦਕਿ ਐਸ.ਜੀ.ਪੀ.ਸੀ ਦਾ ਇਹ ਅਹਿਮ ਵਿਭਾਗ ਹੈ। ਆਪਣੇ ਕਾਰਜਕਾਲ ਦੌਰਾਨ ਮੁੱਖ ਸਕੱਤਰ ਹੁੰਦਿਆਂ ਉਨਾਂ ਦੀ ਇਹ ਵੀ ਜਿੰਮੇਵਾਰੀ ਬਣਦੀ ਸੀ ਕਿ ਮਿਤੀ 19-05-2016 ਨੂੰ ਅਗਨ ਭੇਟ ਹੋਏ ਅਤੇ ਨੁਕਸਾਨੇ ਗਏ ਪਾਵਨ ਸਰੂਪਾਂ ਦੀ ਗਿਣਤੀ ਨੂੰ ਰਾਈਟ ਆਫ਼ ਕਰਵਾਉਣ ਸਬੰਧੀ ਜਾਣਕਾਰੀ ਹਾਸਲ ਕਰਦੇ ਅਤੇ ਪਾਵਨ ਸਰੂਪ ਅਗਨ ਭੇਟ ਹੋਣ ਕਾਰਨ ਹੋਈ ਬੇਅਦਬੀ ਲਈ ਪਸ਼ਚਾਤਾਪ ਕਰਨ ਲਈ ਯੋਗ ਪ੍ਰਬੰਧ ਕਰਦੇ । ਇਹਨਾਂ ਨੇ ਆਪਣੇ ਸਮੇਂ ਦੌਰਾਨ ਇਸ ਵਿਭਾਗ ਦੇ ਆਡਿਟ ਸਬੰਧੀ ਧਿਆਨ ਨਹੀਂ ਦਿੱਤਾ ।

## 12. ਸਤਿੰਦਰ ਸਿੰਘ ਕੋਹਲੀ ਚਾਰਟਡ ਅਕਾਊਟੈਂਟ

ਜ਼ਿਕਰਯੋਗ ਹੈ ਕਿ ਚਾਰਟਡ ਅਕਾਊਟੈਂਟ ਦੀ ਨਿਯੁਕਤੀ ਫਰਵਰੀ 2010 ਵਿਚ ਇਸ ਕਰਕੇ ਕੀਤੀ ਗਈ ਸੀ ਤਾਂ ਜੋ ਪ੍ਰੈਸਾਂ ਦਾ ਅਕਾਊਂਟ ਕੰਪਿਊਟਰਾਈਜ਼ਡ ਆਨ–ਲਾਈਨ ਕੀਤਾ ਜਾ ਸਕੇ। ਜਦੋਂ ਇਹ ਗੱਲ ਇੰਕੁਆਰੀ ਕਮਿਸ਼ਨ ਨੇ ਚਾਰਟਡ ਅਕਾਊਟੈਂਟ ਪਾਸੋਂ ਪੁੱਛੀ ਤਾਂ ਉਸਨੇ ਇਹ ਜਵਾਬ ਦਿੱਤਾ :

*" ਸਾਲ 2010 ਵਿਚ Deloitte ਕੰਪਨੀ ਨੂੰ ਆਨ ਲਾਈਨ ਦਾ ਕੰਮ ਦਿੱਤਾ ਗਿਆ। ਉਹ ਆਨ ਲਾਈਨ ਕੰਮ ਦਾ ਪੈਕੇਜ਼ ਬਣਾ ਕੇ ਦੇਣਾ ਸੀ। ਉਨਾਂ ਦੀ ਅੱਜ ਤੱਕ ਫਾਈਨਲ ਰਿਪੋਰਟ ਨਹੀਂ ਆਈ Interim ਰਿਪੋਟ ਸ਼ਾਇਦ ਆਈ ਹੋਵੇ ਪਰ ਉਹ ਕੰਮ ਵਿਚਾਲੇ ਛੱਡ ਕੇ ਚਲੇ ਗਏ। ਅਸੀਂ ਉਨਾਂ ਦੇ ਡਿਵੈਲਪ ਸਿਸਟਮ ਤੇ ਹੀ ਕੰਮ ਕਰਨਾ ਸੀ, ਜੋ ਅਜੇ ਤੱਕ ਪੈਡਿੰਗ ਹੈ "*

ਇਥੇ ਜਿਕਰਯੋਗ ਹੈ ਕਿ ਟੈਂਡਰ ਡਾਕੂਮੈਂਟ ਜਿਸ ਰਾਹੀਂ ਚਾਰਟਡ ਅਕਾਊਂਟੈਂਟ ਦੀ ਨਿਯੁਕਤੀ ਕੀਤੀ ਗਈ। ਉਸ ਵਿਚ ਹੇਠ ਲਿਖੇ ਚਾਰ ਕੰਮ ਦਰਜ ਸਨ :

1) Internal Audit (Pre/Concurrent Audit on daily basis) including stores etc. at all locations
2) Computerization of Accounts on regular basis of all the location.

3) Implementation of Internal control system as suggested by world renowned Consultancy firm.

4) Implementation of online system being proposed & designed by the above mentioned Consultancy firm.

ਐਸ.ਐਸ ਕੋਹਲੀ ਦੇ ਉਪਰੋਕਤ ਬਿਆਨ ਤੋਂ ਇਹ ਸਪੱਸ਼ਟ ਹੈ ਕਿ ਆਨ-ਲਾਈਨ ਅਕਾਊਂਟਿੰਗ ਦਾ ਸਿਸਟਮ ਅਜੇ ਤੱਕ ਲਾਗੂ ਨਹੀਂ ਹੋਇਆ ਜੋ ਕਿ ਉਕਤ ਲੜੀ ਨੰ: 4 ਤੇ ਦਰਜ ਹੈ। ਉਕਤ ਲੜੀ ਨੰ: 3 ਦੇ ਅਨੁਸਾਰ ਇੰਟਰਨਲ ਕੰਟਰੋਲ ਸਿਸਟਮ ਜੋ ਕਿ ਕੰਸਲਟੈਂਸੀ ਫਾਰਮ ਵੱਲੋਂ ਸੁਝਾਇਆ ਗਿਆ ਸੀ, ਵੀ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ। ਜੇਕਰ ਇੰਟਰਨਲ ਕੰਟਰੋਲ ਸਿਸਟਮ ਲਾਗੂ ਕੀਤਾ ਜਾਂਦਾ ਤਾਂ ਲੈਜ਼ਰਾਂ ਵਿਚ ਊਣਤਾਈਆਂ ਨਾ ਰਹਿੰਦੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਗਿਣਤੀ ਵਿਚ ਵਾਧਾ-ਘਾਟਾ ਨਾ ਹੁੰਦਾ ਜੋ ਕਿ ਸਾਲ 2013-14 ਤੋਂ ਲਗਾਤਾਰ ਜਾਰੀ ਹੈ। ਕੰਪਿਊਟਰਾਈਜ਼ਡ ਆਫ਼ ਅਕਾਊਂਟਸ ਜੋ ਕਿ ਉਕਤ ਲੜੀ ਨੰ: 2 ਤੇ ਦਰਜ ਹੈ, ਤੇ ਵੀ ਕੰਮ ਨਹੀਂ ਕੀਤਾ ਗਿਆ। ਮੈਨੂਅਲ ਸਟਾਕ ਲੈਜ਼ਰ ਜਿਸ ਵਿਚ ਅੱਜ ਤੱਕ ਕੱਚੀ ਪੈਂਸਲ ਨਾਲ ਐਂਟਰੀਆਂ ਹੋ ਰਹੀਆਂ ਹਨ, ਚਾਰਟਡ ਅਕਾਊਂਟੈਂਟ ਦੀ ਨਿਯੁਕਤੀ ਤੋਂ 10 ਸਾਲ ਬਾਅਦ ਵੀ ਜਾਰੀ ਹਨ। ਮੁਕਦੀ ਗੱਲ ਇਹ ਹੈ ਕਿ ਚਾਰਟਡ ਅਕਾਊਟੈਂਟ ਐਸ.ਐਸ ਕੋਹਲੀ ਨੂੰ ਉਸਦੇ ਕੰਮਾਂ ਬਾਰੇ ਪੁੱਛਿਆ ਗਿਆ ਤਾਂ ਉਸਨੇ ਹੇਠ ਲਿਖਿਆ ਬਿਆਨ ਦਿੱਤਾ :

*"ਮੇਰਾ ਕੰਮ ਪ੍ਰੀ ਆਡਿਟ ਦਾ ਹੈ ਇਸ ਵਿਚ ਬਹੁਤ ਸਾਰੀਆਂ ਸੰਸਥਾਵਾਂ ਅਤੇ ਵਿਭਾਗ ਹਨ। ਮੈਂ ਵਿਸ਼ੇਸ਼ ਤੌਰ ਤੇ ਇਸ ਤਰੀਕੇ ਤੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਮੈਨੇਜਮੈਂਟ ਨੇ ਗੌਰ ਕੀਤਾ ਅਤੇ ਮੇਰਾ ਕੰਮ ਕੇਵਲ ਫਾਇਨਾਂਸ ਦਾ ਹੈ ਨਾ ਕਿ ਐਸੀਆਂ ਗੱਲਾਂ ਤੇ ਗੌਰ ਕਰਨ ਦਾ।"*

ਉਪਰੋਕਤ ਬਿਆਨ ਤੋਂ ਸਪੱਸ਼ਟ ਹੈ ਕਿ ਐਸ.ਐਸ ਕੋਹਲੀ ਚਾਰਟਡ ਅਕਾਊਟੈਂਟ ਨੂੰ ਸੌਂਪੇ ਗਏ ਚਾਰ ਕੰਮਾਂ ਵਿਚੋਂ ਸਿਰਫ਼ ਇਕ ਕੰਮ ਹੀ ਕਰ ਰਿਹਾ ਹੈ। ਇਹ ਗੱਲ ਉਸਦੇ ਅਮ੍ਰਿਤਸਰ ਸਾਹਿਬ ਵਿਖੇ ਹਾਜ਼ਰੀ ਤੋਂ ਵੀ ਸਪੱਸ਼ਟ ਹੁੰਦੀ ਹੈ। ਟੈਂਡਰ ਡਾਕੂਮੈਂਟ ਦੇ ਅਨੁਸਾਰ

"The proprietor/Main Partner should be able to devote full time to the audit. His presence would be required in Amritsar for at least 2-3 days in a week & also on other location from time to time."

ਐਸ.ਐਸ ਕੋਹਲੀ ਚਾਰਟਡ ਅਕਾਊਟੈਂਟ ਜੋ ਕਿ ਪਰਾਪਰਾਈਟਰ ਫਰਮ ਹੈ। ਹਫ਼ਤੇ ਵਿਚ ਦੋ-ਤਿੰਨ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਖੁਦ ਹਾਜ਼ਰ ਹੋਣਾ ਚਾਹੀਦਾ ਹੈ। ਉਸ ਨੇ ਆਪਣੇ ਬਿਆਨ ਵਿਚ ਇਹ ਗੱਲ ਮੰਨੀ ਹੈ ਕਿ ਉਹ ਮਹੀਨੇ ਵਿਚ ਸਿਰਫ਼ 4 ਜਾਂ 5 ਵਾਰ ਆਉਂਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਇਸ ਨੇ ਸਿਰਫ਼ 25 ਪ੍ਰਤੀਸ਼ਤ ਕੰਮ ਹੀ ਕੀਤਾ। ਐਸ.ਜੀ.ਪੀ.ਸੀ ਕਮਰਸ਼ੀਅਲ ਅਦਾਰਾ ਨਹੀਂ ਹੈ। ਇਹ ਇੱਕ ਧਾਰਮਿਕ ਸੰਸਥਾਂ ਹੈ, ਜਿਸ ਵਿਚ ਮਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਗਤਾਂ ਵੱਲੋਂ ਭੇਟ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਭੇਟ ਕੀਤੀ ਮਾਇਆ ਤੋਂ ਐਸ.ਐਸ ਕੋਹਲੀ ਚਾਰਟਡ ਅਕਾਊਟੈਂਟ ਨੂੰ ਅਦਾਇਗੀ ਕੀਤੀ ਜਾਂਦੀ ਹੈ। ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਪ੍ਰਤੀ ਗਿਣਤੀ ਨੂੰ ਬਾਰੀਕੀ ਦੀ ਚੈਕਿੰਗ ਦੱਸਦਿਆਂ ਗੁਰੂ ਸਾਹਿਬ ਜੀ ਦੇ ਸਤਿਕਾਰ ਨੂੰ

ਘਟਾਉਣ ਦੀ ਕੋਸ਼ਿਸ਼ ਕੀਤੀ ਹੈ। ਐਸ.ਐਸ. ਕੋਹਲੀ ਚਾਰਟਡ ਅਕਾਊਟੈਂਟ ਨੂੰ ਹੁਣ ਤੱਕ ਜੋ ਅਦਾਇਗੀ ਕੀਤੀ ਗਈ ਉਸਦਾ 75 ਪ੍ਰਤੀਸ਼ਤ ਟਿਨੂਆਰੀ ਕਮਿਸ਼ਨ ਅਨੁਸਾਰ ਨਜ਼ਾਇਜ਼ ਅਦਾਇਗੀ ਮੰਨਦਾ ਹੈ ਅਤੇ ਸਿਫਾਰਿਸ਼ ਕਰਦਾ ਹੈ ਇਸ ਦੀ ਰਿਕਵਰੀ ਕੀਤੀ ਜਾਵੇ। ਜੇਕਰ ਅਕਾਊਂਟਸ ਕੰਪਿਊਟਰਾਜ਼ੀਡ ਕੀਤੇ ਹੁੰਦੇ ਤਾਂ ਇਹ ਲੈਜ਼ਰਾਂ ਦਾ ਇੰਨਾ ਮਾੜਾ ਹਾਲ ਨਹੀਂ ਹੋਣਾ ਸੀ ਅਤੇ ਐਸ.ਜੀ.ਪੀ.ਸੀ ਦੀ ਸ਼ਾਖ ਤੇ ਧੱਬਾ ਨਹੀਂ ਲੱਗਣਾ ਸੀ।

ਐਸ ਐਸ.ਕੋਹਲੀ ਐਂਡ ਐਸੋਸੀਏਟ ਨੇ ਮਿਤੀ 17.06.2016 ਨੂੰ ਇਕ ਆਫਿਸ ਨੋਟ ਮਾਨਯੋਗ ਪ੍ਰਧਾਨ ਸਾਹਿਬ ਸ਼੍ਰੋ.ਗੁ.ਪ੍ਰੰ.ਕਮੇਟੀ ਨੂੰ ਜਾਰੀ ਕੀਤਾ ਇਸ ਦਾ ਵੇਰਵਾ ਹਵਾਲੇ ਲਈ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਜਾਂਦਾ ਹੈ :

> *" ਗੋਲਡਨ ਆਫਸੈੱਟ ਪ੍ਰੈਸ ਵਿਖੇ ਪਬਲੀਕੇਸ਼ਨ ਵਿਭਾਗ ਵਿਚ ਕੀਤੀ ਚੈਕਿੰਗ ਦੌਰਾਨ ਵਿਚ ਇਹ ਵੇਖਣ ਵਿਚ ਆਇਆ ਕਿ ਇਥੇ ਪਏ ਸਟਾਕ ਦੀ ਕੋਈ ਵੀ ਆਈਟਮ ਚਾਹੇ ਉਹ ਪਾਵਨ ਸਰੂਪ ਹੋਣ ਚਾਹੇ ਉਹ ਕੋਈ ਵੀ ਧਾਰਮਿਕ ਕਿਤਾਬ ਜਾਂ ਗੁਟਕਾ ਆਦਿ ਦੀ ਗਿਣਤੀ ਹੈ ਸਟਾਕ ਲੈਜ਼ਰ ਨਾਲ ਮੇਲ ਨਹੀਂ ਖਾਂਦੀ। ਅਕਸਰ ਹੀ ਇਹਨਾਂ ਦੀ ਪੋਸਟਿੰਗ ਵੀ ਲੈਜ਼ਰ ਵਿਚ ਗਲਤ ਹੀ ਕਰ ਦਿੱਤੀ ਜਾਂਦੀ ਹੈ। ਲੈਜ਼ਰ ਵਿਚ ਬਹੁਤ ਜਗਾ ਤੇ ਕਟਿੰਗ ਵੀ ਕੀਤੀ ਹੋਈ ਹੈ। ਕੁਝ ਸਟਾਕ ਤਾਂ ਲੈਜ਼ਰ ਵਿਚ ਨੈਗੇਟਿਵ ਵੀ ਹਨ। ਇਹਨਾਂ ਵੱਲੋਂ ਲੈਜ਼ਰਾਂ ਬਿਲਕੁਲ ਵੀ ਠੀਕ ਢੰਗ ਨਾਲ ਨਹੀਂ ਲਿਖੀਆਂ ਗਈਆਂ ਹਨ ਅਤੇ ਨਾ ਹੀ ਲੈਜ਼ਰਾਂ ਵਿਚ ਸਟਾਕ ਬਾਰੇ ਕੁਝ ਪਤਾ ਚਲਦਾ ਹੈ। ਇਹਨਾਂ ਵੱਲੋਂ ਜੋ ਵੀ ਲਿਟਰੇਚਰ ਆਦਿ ਵੇਚਿਆ ਜਾਂਦਾ ਹੈ. ਉਹਨਾਂ ਵਿਚੋਂ ਕੁਝ ਤਾਂ ਕੈਸ਼ ਅਤੇ ਕੁੱਝ ਉਧਾਰ ਵੇਚਿਆ ਜਾਂਦਾ ਹੈ। ਪ੍ਰੰਤੂ ਇਹਨਾਂ ਵੱਲੋਂ ਉਧਾਰ ਵੇਚੇ ਹੋਏ ਲਿਟਰੇਚਰ ਦੀ ਕੋਈ ਡਿਟੇਲ ਮੌਜੂਦ ਨਹੀਂ ਹੈ ਅਤੇ ਨਾ ਹੀ ਇਹਨਾਂ ਵੱਲੋਂ ਕੋਈ ਸਬ ਲੈਜ਼ਰ ਹੀ ਲਗਾਈ ਗਈ ਹੈ*
>
> *ਕਈ ਵਾਰ ਲਿਟਰੇਚਰ ਜਾਂ ਪਾਵਨ ਸਰੂਪ ਆਦਿ ਦੇਣ ਵਾਲੇ ਵਾਊਚਰਾਂ ਨਾਲ ਕੋਈ ਵੀ ਆਗਿਆ ਅਟੈਚ ਨਹੀਂ ਹੁੰਦੀ ਅਤੇ ਨਾ ਹੀ ਇਹਨਾਂ ਵੱਲੋਂ ਲੈਜ਼ਰ ਤੇ ਪੋਸਟਿੰਗ ਹੀ ਕੀਤੀ ਜਾਂਦੀ ਹੈ। ਇਸ ਸਬੰਧੀ ਜਲਦ ਤੋਂ ਜਲਦ ਪੜਤਾਲ ਕਰਵਾ ਕੇ ਸਟਾਕ ਨੂੰ ਮਿਲਾ ਕੇ ਸਾਰੇ ਫਰਕ ਕੱਢਣੇ ਚਾਹੀਦੇ ਹਨ ਅਤੇ ਅੱਗੇ ਤੋਂ ਇਹਨਾਂ ਨੂੰ ਸਹੀ ਢੰਗ ਨਾਲ ਕਰਨ ਦੀ ਤਾਕੀਦ ਕਰਨੀ ਚਾਹੀਦੀ ਹੈ। ਅਸੀਂ ਇਸ ਸਬੰਧੀ ਸਾਡੇ ਵੱਲੋਂ ਤਿਆਰ ਕੰਪਿਊਟਰਾਈਜ਼ਡ ਸਟਾਕ ਲੈਜਰ ਦੀ ਕਾਪੀ ਨੱਥੀ ਕਰ ਰਹੇ ਹਾਂ। "*

ਉਪਰੋਕਤ ਨੋਟ ਕਿਸ ਮੀਮੋ ਨੰ: ਨਾਲ ਜਾਰੀ ਕੀਤਾ ਗਿਆ ਇਸ ਬਾਰੇ ਇਸ ਨੋਟ ਵਿਚ ਕੋਈ ਜਾਣਕਾਰੀ ਨਹੀਂ। ਨੋਟ ਪਰਧਾਨ ਸਾਹਿਬ ਤੱਕ ਕਿਵੇਂ ਪਹੁੰਚਾਇਆ ਗਿਆ ਇਸ ਬਾਰੇ ਵੀ ਕੋਈ ਤੱਥ ਪੇਸ਼ ਕਰਨ ਵਿਚ ਅਮਰਜੀਤ ਸਿੰਘ ਫੇਲ ਹੋਇਆ। ਸਟਾਕ ਲੈਜ਼ਰ ਦੀ ਕਾਪੀ ਜੋ ਇਸ ਰਿਪੋਰਟ ਨਾਲ ਨੱਥੀ ਕੀਤੀ ਦਰਸਾਈ ਗਈ ਹੈ, ਉਹ ਵੀ ਇੰਨਕੁਆਰੀ ਕਮਿਸ਼ਨ ਦੇ ਮੰਗਣ ਤੇ ਪੇਸ਼ ਨਹੀਂ ਕੀਤੀ ਗਈ।

**<u>13. ਜੁਝਾਰ ਸਿੰਘ ਸਹਾਇਕ ਅਕਾਊਟੈਂਟ</u>**

ਜੁਝਾਰ ਸਿੰਘ ਜੋ ਕਿ ਆਡਿਟ ਬ੍ਰਾਂਚ ਵਿਚ ਕੰਮ ਕਰਦਾ ਸੀ ਅਤੇ ਪਬਲੀਕੇਸ਼ਨ ਵਿਭਾਗ ਨਾਲ ਸਬੰਧਿਤ ਸੀ। ਇਸ ਨੇ ਸਾਲ 2012-13 ਤੋਂ ਪਾਵਨ ਸਰੂਪਾਂ ਦੇ ਸਟੋਰ ਲੈਜ਼ਰ ਨੂੰ ਚੈੱਕ ਕੀਤਾ ਅਤੇ ਬੈਲੇਂਸ ਸ਼ੀਟਾਂ ਦਾ ਆਡਿਟ ਕਰਵਾਉਣ ਲਈ ਪਾਵਨ ਸਰੂਪਾਂ ਦੇ ਸਟਾਕ ਦਾ ਵੇਰਵਾ ਤਿਆਰ ਕੀਤਾ ਅਤੇ ਜੁਝਾਰ ਸਿੰਘ ਦੇ ਬਿਆਨਾਂ ਅਨੁਸਾਰ ਸ.ਕੰਵਲਜੀਤ ਸਿੰਘ ਸੀ.ਜੀ.ਐਲ ਜੋ ਹਿਸਾਬ-ਕਿਤਾਬ ਰੱਖਣ ਵਿਚ ਕਮਜ਼ੋਰ ਸੀ, ਉਹ ਜੁਝਾਰ ਸਿੰਘ ਵੱਲੋਂ ਤਿਆਰ ਕੀਤੇ ਵੇਰਵੇ ਅਨੁਸਾਰ ਆਪਣੀ ਲੈਜ਼ਰ ਵਿਚ ਓਵਰਰਾਈਟਿੰਗ/ਤਬਦੀਲੀ ਅਕਸਰ ਹੀ ਕਰ ਲੈਂਦਾ ਸੀ। ਪੜਤਾਲ ਕਮੇਟੀ ਨੂੰ ਇਹ ਸ਼ੰਕਾਂ ਹੈ ਕਿ ਇਸ ਨੇ ਇਸ ਬੇਨਿਯਮੀ ਨੂੰ ਰੋਕਣ ਦੀ ਬਜਾਏ ਉਤਸ਼ਾਹਿਤ ਕੀਤਾ ਜੋ ਕਿ ਪਾਵਨ ਸਰੂਪਾਂ ਦਾ ਗੰਭੀਰ ਮਸਲਾ ਸੀ।

## 14. ਸ.ਅਮਰਜੀਤ ਸਿੰਘ ਸੇਵਾਦਾਰ ਅੰਗੀਠਾ ਸਾਹਿਬ ਗੋਇੰਦਵਾਲ ਸਾਹਿਬ

ਇਹਨਾਂ ਨੇ ਮਿਤੀ 19-05-2016 ਨੂੰ ਨੁਕਸਾਨੇ ਗਏ ਪਾਵਨ ਸਰੂਪਾਂ ਦਾ ਰਿਕਾਰਡ ਗੋਇੰਦਵਾਲ ਸਾਹਿਬ ਵਿਖੇ ਦਰਜ ਨਹੀਂ ਕਰਵਾਇਆ। ਇਨਾਂ ਨੂੰ ਚਾਹੀਦਾ ਸੀ ਕਿ ਐਸ.ਜੀ.ਪੀ.ਸੀ ਦੇ ਮਤੇ ਅਨੁਸਾਰ ਇਹਨਾਂ ਨੂੰ ਸੇਵਾ ਮਿਲੀ ਹੈ ਤੇ ਇਸ ਸੇਵਾ ਨੂੰ ਨਿਭਾਉਦਿਆਂ ਕਿਸੇ ਕਿਸਮ ਦੀ ਕੁਤਾਹੀ ਨਹੀਂ ਵਰਤਣੀ ਚਾਹੀਦੀ ਸੀ ਤੇ ਐਸ.ਜੀ.ਪੀ.ਸੀ.ਦੇ ਉੱਚ ਅਧਿਕਾਰੀਆਂ ਜਾਂ ਪ੍ਰਧਾਨ ਸਾਹਿਬ ਨੂੰ ਪਾਵਨ ਸਰੂਪਾਂ ਦਾ ਰਿਕਾਰਡ ਦਰਜ ਨਾ ਹੋਣ ਬਾਰੇ ਸ਼ਿਕਾਇਤ ਦਰਜ ਕਰਾਉਣੀ ਚਾਹੀਦੀ ਸੀ। ਕਿਉਂਕਿ ਪਾਵਨ ਸਰੂਪਾਂ ਦਾ ਮਸਲਾ ਸੀ। ਬਹਿਬਲ ਕਲਾਂ ਤੋਂ ਬਾਅਦ ਮਾਹੌਲ ਬੜਾ ਹੀ ਸੰਗੀਨ ਹੈ। ਇਸ ਤਰ੍ਹਾਂ ਪੜਤਾਲ ਕਮੇਟੀ ਇੰਨਾਂ ਨੂੰ ਦੋਸ਼ੀ ਮੰਨ ਕੇ ਬਣਦੀ ਕਾਰਵਾਈ ਦੀ ਮੰਗ ਕਰਦੀ ਹੈ।

## 14 ਅੰਤ੍ਰਿੰਗ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ

ਸਾਲ 2016 ਦੀ ਮਿਤੀ 19-05-2016 ਨੂੰ ਗੁ: ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਗਨ ਭੇਟ ਹੋਣ ਦੀ ਮੰਦਭਾਗੀ ਘਟਨਾ ਵਾਪਰੀ ਉਸ ਵਕਤ ਅੰਤ੍ਰਿੰਗ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ, ਅਧਿਕਾਰੀਆਂ ਸਹਿਤ ਮੌਕੇ ਤੇ ਪਹੁੰਚੇ। ਮਰਿਆਦਾ ਅਨੁਸਾਰ ਇਸ ਘਟਨਾ ਲਈ ਗੁਰੂ ਸਾਹਿਬ ਅੱਗੇ ਪਸ਼ਚਾਤਾਪ ਵਜੋਂ ਅਰਦਾਸ ਕਰਨੀ/ਕਰਾਉਣੀ ਅੰਤਿੰਗ ਕਮੇਟੀ, ਅਹੁਦੇਦਾਰ ਅਤੇ ਅਧਿਕਾਰੀਆਂ ਦੀ ਜਿੰਮੇਵਾਰੀ ਸੀ। ਕਿਸੇ ਨੇ ਵੀ ਇਸ ਘਟਨਾ ਲਈ ਪਸ਼ਚਾਤਾਪ ਕਰਨਾ ਯੋਗ ਨਹੀਂ ਸਮਝਿਆ। ਇਹ ਬਹੁਤ ਭਾਰੀ ਗਲਤੀ ਹੈ। ਐਸ.ਜੀ.ਪੀ.ਸੀ ਵੱਲੋਂ ਪਸ਼ਚਾਤਾਪ ਲਈ ਸ੍ਰੀ ਅਖੰਡ ਪਾਠ ਸਾਹਿਬ/ਸਹਿਜ ਪਾਠ ਕਰਵਾਉਣਾ ਚਾਹੀਦਾ ਹੈ।

## 15. ਸ: ਪਰਮਦੀਪ ਸਿੰਘ, ਸਾਬਕਾ ਇੰਚਾਰਜ ਪਬਲੀਕੇਸ਼ਨ

ਮਿਤੀ 24.08.2020 ਨੂੰ ਪੇਸ਼ ਕੀਤੀ ਸੰਖੇਪ ਰਿਪੋਰਟ ਵਿੱਚ ਸ. ਪਰਮਦੀਪ ਸਿੰਘ ਦਾ ਜ਼ਿਕਰ ਅਣਜਾਣੇ ਵਿੱਚ ਦਰਜ ਕਰਨ ਤੋਂ ਰਹਿ ਗਿਆ ਸੀ। ਪਰਮਦੀਪ ਸਿੰਘ ਪਬਲੀਕੇਸ਼ਨ ਵਿਭਾਗ ਵਿੱਚ ਮਿਤੀ

23.11.2015 ਤੋਂ ਇੱਕ ਸਾਲ ਬਤੌਰ ਇੰਚਾਰਜ ਸੇਵਾ ਨਿਭਾ ਰਹੇ ਸਨ। ਮਿਤੀ 19.05.2016 ਦੀ ਅਗਨ ਭੇਟ ਦੀ ਮੰਗਭਾਗੀ ਘਟਨਾ, ਇਹਨਾਂ ਦੇ ਸਮੇਂ ਤੇ ਹੀ ਹੋਈ ਸੀ। ਉਹ ਨਾਂ ਹੀ ਗੋਇੰਦਵਾਲ ਸਾਹਿਬ ਵਿਖੇ ਪਾਵਨ ਸਰੂਪਾਂ ਦੇ ਸੰਸਕਾਰ ਲਈ ਗਏ ਸਨ ਅਤੇ ਨਾ ਹੀ ਇਹਨਾਂ ਨੇ ਕੋਈ ਰਿਕਾਰਡ ਰੱਖਿਆ ਹੈ ਕਿ ਪਾਵਨ ਸਰੂਪ, ਜੋ ਨੁਕਸਾਨੇ ਗਏ ਉਹਨਾਂ ਦੇ ਲੜੀ ਨੰਬਰ ਕੀ ਸੀ। ਬਤੌਰ ਇੰਚਾਰਜ, ਇਹਨਾਂ ਦੀ ਜਿੰਮੇਵਾਰੀ ਬਣਦੀ ਸੀ ਕਿ ਨੁਕਸਾਨੇ ਗਏ ਪਾਵਨ ਸਰੂਪਾਂ ਦਾ ਰਿਕਾਰਡ ਸਹੀ ਤਰੀਕੇ ਨਾਲ ਰਖਾਉਂਦੇ ਅਤੇ ਉਸਦੀ ਬਕਾਇਦਾ ਐਂਟਰੀ ਸਟਾੱਕ ਲੈਜ਼ਰ ਵਿੱਚ ਵੀ ਦਰਜ਼ ਕਰਵਾਉਂਦੇ। ਇਹ ਸਬੰਧਿਤ ਵਿਭਾਗ ਦੇ ਉਸ ਸਮੇ ਇੰਚਾਰਜ ਹੋਣ ਦੇ ਨਾ ਤੇ, ਦੋਸ਼ੀ ਪਾਏ ਜਾਂਦੇ ਹਨ ਕਿਉਂਕਿ ਇਹਨਾਂ ਨੇ ਆਪਣੇ ਫ਼ਰਜ਼ ਨੂੰ ਸਹੀ ਤਰੀਕੇ ਨਾਲ ਨਹੀਂ ਨਿਭਾਇਆ। ਜੇਕਰ ਨਿਭਾਇਆ ਹੁੰਦਾ ਤਾਂ ਅਗਨ ਭੇਟ ਹੋਏ ਪਾਵਨ ਸਰੂਪਾਂ ਦਾ ਵਾਦ- ਵਿਵਾਦ ਖੜ੍ਹਾ ਹੀ ਨਾ ਹੁੰਦਾ।

ਨੋਟ ਉਪਰੋਕਤ ਸਾਰੇ ਦੋਸ਼ਾਂ ਸਬੰਧੀ ਲੋੜੀਂਦੇ ਸਬੂਤ/ਬਿਆਨ/ਦਸਤਾਵੇਜ਼/ਆਡੀਓ/ਵੀਡੀਓ ਰਿਕਾਰਡਿੰਗ/ਟੈਲੀਫੋਨ ਕਾਲ ਰਿਕਾਰਡਿੰਗ ਵਿਸਥਾਰਤ ਰਿਪੋਰਟ ਵਿਚ ਸ਼ਾਮਲ ਕੀਤੇ ਗਏ ਹਨ।

ਮਿਤੀ : **23-08-2020**

| | | |
|---|---|---|
| 23/08/2020 | | 23/8/2020 |
| **(ਡਾ.ਈਸ਼ਰ ਸਿੰਘ ਐਡਵੋਕੇਟ)** | (ਡਾ.ਹਰਪ੍ਰੀਤ ਕੌਰ ਐਡਵੋਕੇਟ) | (ਬੀਬੀ ਹਰਲੀਨ ਕੌਰ ਸੀ.ਏ) |
| | 23/08/2020 | |